بِسۡمِ اللّٰہِ الرَّحۡمٰنِ الرَّحِیۡمِ   نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ   وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.05.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸੋ, ਜੇਕਰ ਖ਼ਿਲਾਫ਼ਤ ਦੇ ਫ਼ੈਜ਼ ਦਾ ਸਹੀ ਲਾਭ ਉਠਾਉਣਾ ਹੈ ਤਾਂ ਫਿਰ ਨ ਕੇਵਲ ਆਪਣੀਆਂ ਇਬਾਦਤਾਂ ਦੀ ਸੁਰੱਖਿਆ ਕਰਨੀ ਜ਼ਰੂਰੀ ਹੈ, ਸੰਸਾਰਕ ਇੱਛਾਵਾਂ ਦੇ ਸ਼ਿਰਕ ਤੋਂ ਬਚਣ ਦੀ ਲੋੜ ਹੈ, ਸਮੇਂ ਦੇ ਖ਼ਲੀਫ਼ਾ ਦੀ ਕਾਮਲ ਆਗਿਆਕਾਰੀ ਕਰਨੀ ਵੀ ਜ਼ਰੂਰੀ ਹੈ ਵਰਨਾ ਨਾਫ਼ਰਮਾਨਾ ਵਿੱਚ ਗਿਣਤੀ ਹੋਵੇਗੀ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਮਈ 2019 ਈ. ਨੂੰ ਮਸਜਿਦ ਮੁਬਾਰਕ ਇਸਲਾਮਾਬਾਦ ਟਿਲਫ਼ੋਰਡ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀਆਂ ਕੁਰਆਨ ਕਰੀਮ ਦੀਆਂ ਆਇਤਾਂ ਦੀ ਤਲਾਵਤ ਕੀਤੀ ਅਤੇ ਇਹਨਾ ਦਾ ਅਨੁਵਾਦ ਪੇਸ਼ ਕੀਤਾ :

اِنَّمَا کَانَ قَوۡلَ الۡمُؤۡمِنِیۡنَ اِذَا دُعُوۡۤا اِلَی اللّٰہِ وَرَسُوۡلِہٖ لِیَحۡکُمَ بَیۡنَہُمۡ اَنۡ یَّقُوۡلُوۡا سَمِعۡنَا وَاَطَعۡنَا ؕ وَاُولٰٓئِکَ ہُمُ الۡمُفۡلِحُوۡنَ ○ وَمَنۡ یُّطِعِ اللّٰہَ وَرَسُوۡلَہٗ وَیَخۡشَ اللّٰہَ وَیَتَّقۡہِ فَاُولٰٓئِکَ ہُمُ الۡفَآئِزُوۡنَ ○ وَاَقۡسَمُوۡا بِاللّٰہِ جَہۡدَ اَیۡمَانِہِمۡ لَئِنۡ اَمَرۡتَہُمۡ لَیَخۡرُجُنَّ ؕ قُلۡ لَّا تُقۡسِمُوۡا ۚ طَاعَۃٌ مَّعۡرُوۡفَۃٌ ؕ اِنَّ اللّٰہَ خَبِیۡرٌۢ بِمَا تَعۡمَلُوۡنَ ○ قُلۡ اَطِیۡعُوا اللّٰہَ وَاَطِیۡعُوا الرَّسُوۡلَ ۚ فَاِنۡ تَوَلَّوۡا فَاِنَّمَا عَلَیۡہِ مَا حُمِّلَ وَعَلَیۡکُمۡ مَّا حُمِّلۡتُمۡ ؕ وَاِنۡ تُطِیۡعُوۡہُ تَہۡتَدُوۡا ؕ وَمَا عَلَی الرَّسُوۡلِ اِلَّا الۡبَلٰغُ الۡمُبِیۡنُ ○ وَعَدَ اللّٰہُ الَّذِیۡنَ اٰمَنُوۡا مِنۡکُمۡ وَعَمِلُوا الصّٰلِحٰتِ لَیَسۡتَخۡلِفَنَّہُمۡ فِی الۡاَرۡضِ کَمَا اسۡتَخۡلَفَ الَّذِیۡنَ مِنۡ قَبۡلِہِمۡ ۪ وَلَیُمَکِّنَنَّ لَہُمۡ دِیۡنَہُمُ الَّذِی ارۡتَضٰی لَہُمۡ وَلَیُبَدِّلَنَّہُمۡ مِّنۡۢ بَعۡدِ خَوۡفِہِمۡ اَمۡنًا ؕ یَعۡبُدُوۡنَنِیۡ لَا یُشۡرِکُوۡنَ بِیۡ شَیۡئًا ؕ وَمَنۡ کَفَرَ بَعۡدَ ذٰلِکَ فَاُولٰٓئِکَ ہُمُ الۡفٰسِقُوۡنَ ○ وَاَقِیۡمُوا الصَّلٰوۃَ وَاٰتُوا الزَّکٰوۃَ وَاَطِیۡعُوا الرَّسُوۡلَ لَعَلَّکُمۡ تُرۡحَمُوۡنَ ○ لَا تَحۡسَبَنَّ الَّذِیۡنَ کَفَرُوۡا مُعۡجِزِیۡنَ فِی الۡاَرۡضِ ۚ وَمَاۡوٰىہُمُ النَّارُ ؕ وَلَبِئۡسَ الۡمَصِیۡرُ ○

((سورۃ النور :52تا58

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਆਇਤਾਂ ਜੋ ਮੈਂ ਤਲਾਵਤ ਕੀਤੀਆਂ ਹਨ ਸੂਰਤ ਨੂਰ ਦੀਆਂ ਆਇਤਾਂ ਹਨ ਅਤੇ ਆਇਤ ਇਸਤਖ਼ਲਾਫ਼ ਅਰਥਾਤ ਉਹ ਆਇਤ ਜਿਸ ਵਿੱਚ ਰੱਬ ਨੇ ਮੋਮਿਨਾ ਵਿੱਚ ਖ਼ਿਲਾਫ਼ਤ ਦਾ ਸਿਲਸਿਲਾ ਜਾਰੀ ਰਖੱਣ ਦਾ ਵਾਦਾ ਕੀਤਾ ਹੈ ਇਸ ਆਇਤ ਤੋਂ ਪਹਿਲਾਂ ਵੀ ਆਇਤਾਂ ਹਨ ਅਤੇ ਬਾਦ ਦੀਆਂ ਆਇਤਾਂ ਵੀ ਹਨ ਅਤੇ ਇਹਨਾ ਸਾਰੀਆਂ ਆਇਤਾਂ ਵਿੱਚ ਰੱਬ ਅਤੇ ਉਸ ਦੇ ਰਸੂਲ ਦੀ ਆਗਿਆਕਾਰੀ ਤੇ ਆਦੇਸ਼ਾਂ ਉਪੱਰ ਅਮਲ ਕਰਨ ਵੱਲ ਧਿਆਨ ਦੁਆਇਆ ਗਿਆ ਹੈ । ਜੇਕਰ ਇਹ ਹੋਵੇਗਾ ਤਾਂ ਫਿਰ ਰੱਬ ਖ਼ਿਲਾਫ਼ਤ ਦੇ ਉਪਹਾਰ ਦੇਣ ਦਾ ਵਾਦਾ

ਪੂਰਾ ਗਰੇਗਾ । ਰੱਬ, ਖ਼ੌਫ਼ ਦੀ ਹਾਲਤ ਨੂੰ ਅਮਨ ਵਿੱਚ ਬਦਲ ਦੇਵੇਗਾ ਅਤੇ ਦੁਸ਼ਮਣਾ ਨੂੰ ਉਹਨਾ ਦੇ ਅੰਜਾਮ ਤੱਕ ਪਹੁੰਚਾਏਗਾ । ਇਹਨਾ ਅਇਤਾਂ ਦਾ ਅਨੁਵਾਦ ਇਸ ਪ੍ਰਕਾਰ ਹੈ :

ਮੋਮਿਨਾ ਦਾ ਉੱਤਰ, ਜੱਦ ਉਹ ਰੱਬ ਤੇ ਉਸਦੇ ਰਸੂਲ ਵੱਲ ਬੁਲਾਏ ਜਾਣ ਕਿ ਉਹ ਉਹਨਾ ਵਿੱਚ ਫ਼ੈਸਲਾ ਕਰੇ ਤਾਂ ਇਹ ਹੋਇਆ ਕਰਦਾ ਹੈ ਕਿ ਅਸੀਂ ਸੁਣਿਆ ਅਤੇ ਅਸੀਂ ਮਨ ਲਿਆ ਅਤੇ ਅਸੀਂ ਆਗਿਆਕਾਰੀ ਕੀਤੀ ਅਤੇ ਉਹੋ ਲੋਕ ਸਫ਼ਲ ਹੋਇਆ ਕਰਦੇ ਹਨ । ਅਤੇ ਜੋ ਲੋਕ ਰੱਬ ਅਤੇ ਉਸਦੇ ਰਸੂਲ ਦੀ ਆਗਿਆਕਾਰੀ ਕਰਨ ਅਤੇ ਰੱਬ ਤੋਂ ਡਰਨ ਅਤੇ ਉਸਦਾ ਤਕਵਾ (ਸੰਜਮਤਾ) ਧਾਰਨ ਕਰਨ, ਉਹ ਮੁਰਾਦਾਂ ਪਾ ਜਾਂਦੇ ਹਨ । ਅਤੇ ਉਹ ਲੋਕ ਰੱਬ ਦੀਆਂ ਪੱਕੀਆਂ ਸਹੁੰਆ ਖਾਂਦੇ ਹਨ ਕਿ ਜੇਕਰ ਤੂੰ ਉਹਨਾ ਨੂੰ ਹੁਕਮ ਦੇਵੇਂ ਤਾਂ ਉਹਂ ਝੱਟ ਘਰੋਂ ਨਿਕਲ ਖੜੇ ਹੋਣਗੇ । ਆਖੋ, ਕਸਮਾਂ ਨ ਖਾਓ । ਸਾਡਾ ਹੁਕਮ ਤਾਂ ਤੁਹਾਨੂੰ ਕੇਵਲ ਅਜਿਹੀ ਆਗਿਆਕਾਰੀ ਦਾ ਹੈ ਜੋ ਮਾਰੂਫ਼ (ਉਚਿਤ ਤੇ ਪ੍ਰਸ਼ੰਸਾ ਯੋਗ) ਆਗਿਆਕਾਰੀ ਹੈ ਜੋ ਸਾਧਾਰਣ ਭਾਸ਼ਾ ਵਿੱਚ ਤਾਬਿਆਦਾਰੀ ਸਮਝੀ ਜਾਂਦੀ ਹੈ । ਰੱਬ ਉਸ ਤੋਂ ਜੋ ਤੁਸੀਂ ਕਰਦੇ ਹੋ ਨਿਰਸੰਦੇਹ ਖ਼ਬਰਦਾਰ ਹੈ । ਤੂੰ ਕਹਿ ਰੱਬ ਦੀ ਆਗਿਆਕਾਰੀ ਕਰੋ ਅਤੇ ਉਸ ਦੇ ਰਸੂਲ ਦੀ ਆਗਿਆਕਾਰੀ ਕਰੋ । ਸੋ, ਜੇਕਰ ਉਹ ਫਿਰ ਜਾਣ ਤਾਂ ਇਸ ਰਸੂਲ ਉਪੱਰ ਕੇਵਲ ਉਸਦੀ ਜ਼ਿੱਮੇਦਾਰੀ ਹੈ ਜੋ ਉਸਦੇ ਜ਼ਿੱਮੇ ਲਾਇਆ ਗਿਆ ਅਤੇ ਤੁਹਾਡੇ ਉਪੱਰ ਉਸਦੀ ਜ਼ਿੱਮੇਦਾਰੀ ਹੈ ਜੋ ਤੁਹਾਡੇ ਜ਼ਿੱਮੇ ਲਾਇਆ ਗਿਆ ਅਤੇ ਜੇਕਰ ਤੁਸੀਂ ਉਸਦੀ ਆਗਿਆਕਾਰੀ ਕਰੋ ਤਾਂ ਹਿਦਾਇਤ ਪਾ ਜਾਓਗੇ ਅਤੇ ਰਸੂਲ ਦੇ ਜ਼ਿੱਮੇ ਤਾਂ ਕੇਕਵਲ ਗੱਲ ਖੋਲਕੇ ਪਹੁੰਚਾ ਦੇਣਾ ਹੈ । ਰੱਬ ਨੇ ਤੁਹਾਡੇ ਵਿੱਚੋਂ ਇਮਾਨ ਲਿਆਉਣ ਵਾਲਿਆਂ ਅਤੇ ਯਥਾਯੋਗ ਅਮਲ ਕਰਨ ਵਾਲਿਆਂ ਨਾਲ ਵਾਦਾ ਕੀਤਾ ਹੈ ਕਿ ਉਹ ਉਹਨਾਂ ਨੂੰ ਧਰਤੀ ਵਿੱਚ ਖ਼ਲੀਫ਼ਾ ਬਣਾ ਦੇਵੇਗਾ । ਜਿਵੇਂ ਉਹਨਾਂ ਤੋਂ ਪਹਿਲੇ ਲੋਕਾਂ ਨੂੰ ਖ਼ਲੀਫ਼ਾ ਬਣਾ ਦਿੱਤਾ ਗਿਆ ਸੀ ਅਤੇ ਜੋ ਦੀਨ ਉਸਨੇ ਉਹਨਾਂ ਲਈ ਪਸੰਦ ਕੀਤਾ ਹੈ ਉਹ ਉਹਨਾ ਲਈ ਉਸਨੂੰ ਮਜ਼ਬੂਤੀ ਨਾਲ ਕਾਇਮ ਕਰ ਦੇਵੇਗਾ ਅਤੇ ਉਹਨਾ ਦੀ ਖ਼ੌਫ਼ ਦੀ ਹਾਲਤ ਦੇ ਬਾਦ ਉਹ ਉਹਨਾਂ ਲਈ ਅਮਨ ਦੀ ਹਾਲਤ ਬਦਲ ਦੇਵੇਗਾ । ਉਹ ਮੇਰੀ ਇਬਾਦਤ ਕਰਨਗੇ ਅਤੇ ਕਿਸੇ ਚੀਜ਼ ਨੂੰ ਮੇਰਾ ਸ਼ਰੀਕ ਨਹੀਂ ਬਨਾਉਣਗੇ ਅਤੇ ਜੋ ਲੋਕ ਇਸਦੇ ਬਾਦ ਵੀ ਇਨਕਾਰ ਕਰਨਗੇ ਉਹ ਨਾਫ਼ਰਮਾਨਾਂ ਵਿੱਚੋਂ ਕਰਾਰ ਦਿੱਤੇ ਜਾਣਗੇ । ਅਤੇ ਤੁਸੀਂ ਸਾਰੇ ਨਾਮਜ਼ਾ ਨੂੰ ਕਾਇਮ ਕਰੋ ਅਤੇ ਜ਼ਕਾਤ ਦਿਓ ਅਤੇ ਇਸ ਰਸੂਲ ਦੀ ਆਗਿਆਕਾਰੀ ਕਰੋ ਤਾਂ ਜੋ ਤੁਹਾਡੇ ਉਪੱਰ ਰਹਿਮ ਕੀਤਾ ਜਾਏ ਅਤੇ ਹੇ ਸਰੋਤੇ, ਕਦੇ ਵੀ ਇਹ ਖ਼ਿਆਲ ਨ ਕਰ ਕਿ ਕੁਫ਼ੱਾਰ ਧਰਤੀ ਵਿੱਚ ਸਾਨੂੰ ਆਪਣੀਆਂ ਵਿਉਂਤਾਂ ਨਾਲ ਆਜਜ਼ ਕਰ ਦੇਣਗੇ ਅਤੇ ਉਹਨਾ ਦਾ ਠਿਕਾਣਾ ਤਾਂ ਨਰਕ ਹੈ ਅਤੇ ਉਹ ਬਹੁਤ ਹੀ ਭੈੜਾ ਠਿਕਾਣਾ ਹੈ ।

ਸੋ, ਹਰ ਗੱਲ ਰੱਬ ਨੇ ਖੋਲਕੇ ਵਰਨਣ ਕਰ ਦਿੱਤੀ ਹੈ ਕਿ ਤੁਸੀਂ ਹਜ਼ਾਰ ਦਾਵੇ ਕਰੋ ਕਿ ਤੁਸੀਂ ਮੋਮਿਨ ਹੋ, ਇਮਾਨ ਲਿਆਉਣ ਵਾਲੇ ਹੋ ਪਰ ਜੱਦ ਤੱਕ ਹਰ ਪ੍ਰੀਖਿਆ ਅਤੇ ਹਰ ਆਜ਼ਾਇਸ਼ ਵਿੱਚ ਪੱਕੇ ਪੈਰ੍ਹੀਂ ਰਹਿੰਦਿਆਂ ਹੋਇਆਂ ਰੱਬ ਅਤੇ ਉਸਦੇ ਰਸੂਲ ਦੇ ਆਦੇਸ਼ਾਂ ਉਪੱਰ ਸੰਪੂਰਨ ਵਿਸ਼ਵਾਸ਼ ਨਾਲ ਅਮਲ ਨਹੀਂ ਕਰੋਗੇ ਸਫ਼ਲਤਾ ਨਹੀਂ ਮਿਲ ਸਕਦੀ । ਸੋ, ਹਕੀਕੀ ਸਫ਼ਲਤਾ ਪਾਉਣ ਲਈ ਅਤੇ ਮੁਰਾਦਾਂ ਪਾਉਣ ਲਈ ਰੱਬ ਅਤੇ ਉਸਦੇ ਰਸੂਲ ਦੀ ਕਾਮਲ ਪੈਰ੍ਹਵੀ ਅਤਿ ਜ਼ਰੂਰੀ ਹੈ । ਜੇਕਰ ਅਸੀਂ ਜਾਇਜ਼ਾ ਲਈਏ ਤਾਂ ਅਧਿਕਤਰ ਮੌਕਿਆਂ'ਤੇ ਇਹ ਦਿਖਾਈ ਦੇਵੇਗਾ ਕਿ ਆਗਿਆਕਾਰੀ ਦਾ ਉਹ ਮਿਆਰ ਨਹੀਂ ਜੋ ਹੋਣਾ ਚਾਹੀਦਾ ਹੈ । ਇਹਨਾ ਆਇਤਾਂ ਵਿੱਚ ਐਨ੍ਹੀ ਵਾਰ ਜੋ ਆਗਿਆਕਾਰੀ ਦਾ ਹੁਕਮ ਆਇਆ ਹੈ ਇਹ ਖ਼ਿਲਾਫ਼ਤ ਨੂੰ ਜਾਰੀ ਰਖੱਣ ਦੇ ਵਾਦੇ ਨਾਲ ਆਇਆ ਹੈ, ਸੰਭਵਤਾ ਅਲੱਾਹ ਤਆਲਾ ਫ਼ਰਮਾ ਰਿਹਾ ਹੈ ਕਿ ਖ਼ਿਲਾਫ਼ਤ ਦਾ ਨਿਜ਼ਾਮ ਵੀ ਰੱਬ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਨੇ ਨਿਜ਼ਾਮ ਦਾ ਇਕ ਭਾਗ ਹੈ। ਸੋ, ਖ਼ਿਲਾਫ਼ਤ ਦੀਆਂ ਗਲੱਾਂ ਉਪੱਰ ਅਮਲ ਕਰਨਾ ਵੀ ਰੱਬ ਦੇ ਆਦੇਸ਼ਾਂ ਵਿੱਚੋਂ ਇਕ ਆਦੇਸ਼ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ ਜਿਸਨੇ ਮੇਰੇ ਕਾਇਮ ਕੀਤੇ ਅਮੀਰ ਦੀ ਆਗਿਆਕਾਰੀ ਕੀਤੀ

ਉਸੇਨੇ ਮੇਰੀ ਆਗਿਆਕਾਰੀ ਕੀਤੀ ਅਤੇ ਮੇਰੀ ਆਗਿਆਕਾਰੀ ਕਰਨ ਵਾਲੇ ਨੇ ਰੱਬ ਦੀ ਆਗਿਆਕਾਰੀ ਕੀਤੀ । ਇਉਂ ਸਮੇਂ ਦੇ ਖ਼ਲੀਫ਼ਾ ਦੀ ਆਗਿਆਕਰੀ ਤਾਂ ਸਾਧਰਣ ਅਮੀਰ ਦੀ ਅਗਿਆਕਾਰੀ ਨਾਲੋਂ ਬਹੁਤ ਵਧੱਕੇ ਜ਼ਰੂਰੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂਨੂੰ ਪਤਾ ਲੱਗਿਆ ਹੈ ਕਿ ਕੁਝ ਸਦਰ (ਪ੍ਰਧਾਨ) ਅਜਿਹੇ ਹਨ ਜਿੰਨ੍ਹਾ ਨੇ ਜੂਨ ਵਿੱਚ ਆਪਣੇ ਟਰਮ ਖ਼ਤਮ ਹੋਣ ਤੋਂ ਪਹਿਲਾਂ ਕੰਮ ਛੱਡ ਦਿਤੱਾ ਹੈ । ਕੀ ਇਹ ਕੇਵਲ ਇਸ ਲਈ ਕੰਮ ਕਰ ਰਹੇ ਸਨ ਕਿ ਅਸੀਂ ਪੱਕੇ ਤੋਰ'ਤੇ ਉਹਦੇਦਾਰ ਰਹਿਣਾ ਹੈ । ਅਜਿਹੀ ਸੋਚ ਦੀ ਕੰਮਾ ਵਿੱਚ ਖ਼ਿਆਨਤ (ਬੇਈਮਾਨੀ) ਹੈ ਅਤੇ ਇਹ ਬਗ਼ਾਵਤ ਦੀ ਸੋਚ ਹੈ ਅਤੇ ਆਪਣੇ ਆਪਨੂੰ ਖ਼ਿਲਾਫ਼ਤ ਦੀ ਆਗਿਆਕਾਰੀ ਦੇ ਦਾਇਰੇ ਵਿੱਚੋਂ ਬਾਹਰ ਕਢੱਣ ਵਾਲੀ ਗੱਲ ਹੈ ਕਿਉਂਕਿ ਹੁਣ ਸਮੇਂ ਦੇ ਖ਼ਲੀਫ਼ਾ ਨੇ ਇਸ ਨੀਯਮ ਨੂੰ ਮਨਜ਼ੂਰ ਕਰ ਲਿਆ ਹੈ ਕਿ ਸਦਰ ਦਾ ਟਰਮ ਛੇ ਸਾਲ ਦਾ ਹੋਵੇਗਾ । ਇਸ ਲਈ ਅਸੀਂ ਵੀ ਹੁਣ ਪੂਰਾ ਮਨ ਲਾਕੇ ਕੰਮ ਨਹੀਂ ਕਰਾਂਗੇ । ਸੋ, ਅਜਿਹੇ ਲੋਕਾਂ ਨੂੰ ਤਕਵਾ (ਸੰਜਮਤਾ) ਨਾਲ ਕੰਮ ਲੈਂਣਾ ਚਾਹੀਦਾ ਹੈ ਅਤੇ ਰੱਬ ਦਾ ਖ਼ੌਫ਼ ਕਰਨਾ ਚਾਹੀਦਾ ਹੈ । ਆਂਹਜ਼ਰਤ ਸਲਲੱਾਹੁ ਆਲੈਹਿ ਵਸਲੱਮ ਨੇ ਇਕ ਮੌਕੇ'ਤੇ ਇਸ ਗੱਲ'ਤੇ ਬੈਐਤ ਲਈ ਸੀ ਕਿ ਸੁਣਾਗੇ ਅਤੇ ਆਗਿਆਕਾਰੀ ਕਰਾਂਗੇ ਭਾਂਵੇਂ ਪਸੰਦ ਹੋਵੇ ਜਾਂ ਨ ਪਸੰਦ ਹੋਵੇ । ਫਿਰ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਿਸ ਨੇ ਰੱਬ ਦੀ ਆਗਿਆਕਾਰੀ ਤੋਂ ਆਪਣਾ ਹੱਥ ਖਿੱਚਿਆ ਉਹ ਰੱਬ ਨੂੰ ਕਯਾਮਤ ਦੇ ਦਿਨ ਇਸ ਅਵਸਥਾ ਵਿੱਚ ਮਿਲੇਗਾ ਕਿ ਨ ਉਸ ਕੋਲ ਕੋਈ ਦਲੀਲ ਹੋਵੇਗੀ ਅਤੇ ਨ ਕੋਈ ਉਜ਼ਰ ਹੋਵੇਗਾ ਅਤੇ ਜੋ ਵਿਅਕਤੀ ਇਸ ਹਾਲ ਵਿੱਚ ਮਰਿਆ ਕਿ ਉਸ ਨੇ ਸਮੇਂ ਦੇ ਇਮਾਮ ਦੀ ਬੈਅਤ ਨਹੀਂ ਕੀਤੀ ਸੀ ਤਾਂ ਉਹ ਜਹਾਲਤ ਤੇ ਗੁਮਰਾਹੀ ਦੀ ਮੌਤ ਮਰਿਆ । ਸੋ, ਅਸੀਂ ਖ਼ੁਸ਼ਕਿਸਮਤ ਹਨ ਕਿ ਸਮੇਂ ਦੇ ਇਮਾਮ ਦੀ ਅਸੀਂ ਬੈਅਤ ਕੀਤੀ ਅਤੇ ਜਾਹਲਾਂ ਵਿੱਚ ਸ਼ਾਮਲ ਨਹੀਂ ਹੋਏ । ਜੇਕਰ ਸਾਡੇ ਅਮਲ ਇਸਨੂੰ ਕੁਬੂਲ ਕਰਨ ਦੇ ਬਾਦ ਵੀ ਜਹਾਲਤ ਵਾਲੇ ਰਹੇ ਤਾਂ ਆਪਣੇ ਆਪਨੂੰ ਅਮਲੀ ਰੂਪ ਵਿੱਚ ਬੈਅਤ ਤੋਂ ਬਾਹਰ ਕਢੱਣ ਵਾਲੀ ਗੱਲ ਹੋਵੇਗੀ ਅਤੇ ਰੱਬ ਅਤੇ ਉਸਦੇ ਰਸੂਲ ਦੀ ਆਗਿਆਕਾਰੀ ਤੋਂ ਵੀ ਬਾਹਰ ਨਿਕਲ ਰਹੇ ਹੋਣਗੇ । ਸੋ, ਬੈਅਤ ਦੇ ਬਾਦ ਆਪਣੀਆਂ ਸੋਚਾਂ ਨੂੰ ਠੀਕ ਦਿਸ਼ਾ ਵਿੱਚ ਰਖੱਣ ਅਤੇ ਕਾਮਲ ਪੈਰ੍ਹਵੀ ਦੇ ਨਮੂਨੇ ਦਿਖਾਉਣਾ ਅਤਿਅੰਤ ਜ਼ਰੂਰੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸੱਚੇ ਦਿਲ ਨਾਲ ਹਰ ਇਕ ਹੁਕਮ ਦੀ ਆਗਿਆਕਾਰੀ ਕਰੋ ਕਿ ਰੱਬ ਰਾਜ਼ੀ ਹੋ ਜਾਏ ਅਤੇ ਦੁਸ਼ਮਣ ਵੀ ਜਾਣ ਜਾਏ ਕਿ ਬੈਅਤ ਕਰਕੇ ਹੁਣ ਉਹ ਉਹ ਨਹੀਂ ਰਿਹਾ ਜੋ ਪਹਿਲਾਂ ਸੀ । ਮੁਕਦੱਮਿਆਂ ਵਿੱਚ ਸੱਚੀ ਗਵਾਹੀ ਦਿਓ । ਇਸ ਸਿਲਸਿਲੇ ਵਿੱਚ ਦਾਖ਼ਲ ਹੋਣ ਵਾਲੇ ਨੂੰ ਚਾਹੀਦਾ ਹੈ ਕਿ ਪੂਰੀ ਹਿਮੱਤ ਅਤੇ ਸਾਰੀ ਜਾਨ ਨਾਲ ਰਾਸਤੀ ਦਾ ਪਾਬੰਦ ਹੋ ਜਾਏ ।

ਫਿਰ ਰੱਬ ਫ਼ਰਮਾਉਂਦਾ ਹੈ ਕਿ ਇਹ ਲੋਕ ਬੜੀਆਂ ਪੱਕੀਆਂ ਸਹੁੰਆਂ ਖਾਂਦੇ ਹਨ ਕਿ ਜੇਕਰ ਤੂੰ ਹੁਕਮ ਦੇਵੇਂ ਤਾਂ ਅਸੀਂ ਇਹ ਕਰ ਦਿਆਂਗੇ ਉਹ ਕਰ ਦਿਆਂਗੇ । ਜੱਦ ਹੁਕਮ ਦਿਓ ਤਾਂ ਇਸ'ਤੇ ਪੂਰਾ ਨਹੀਂ ਉਤਰੇ । ਇਸੇ ਲਈ ਰੱਬ ਨੇ ਫ਼ਰਮਾਇਆ ਕਿ ਤੁਸੀਂ ਬਹੁਤੀਆਂ ਸਹੁੰਆਂ ਨ ਖਾਓ, ਵੱਡੇ ਵੱਡੇ ਵਾਦੇ ਨ ਕਰੋ । ਜੇਕਰ ਮਾਰੂਫ਼ (ਉਚਿਤ ਤੇ ਪ੍ਰਸ਼ੰਸਾ ਯੋਗ) ਆਗਿਆਕਾਰੀ ਕਰ ਲਓ, ਅਜਿਹੀ ਆਗਿਆਕਾਰੀ ਜੋ ਸਾਧਾਰਣ ਭਾਸ਼ਾ ਵਿੱਚ ਤਾਬਿਆਦਾਰੀ ਸਮਝੀ ਜਾਂਦੀ ਹੈ ਤਾਂ ਅਸੀਂ ਸਮਝਾਂਗੇ ਕਿ ਤੁਸੀਂ ਹੁਕਮ ਮੰਨ ਲਿਆ, ਵਰਨਾ ਕੇਵਲ ਮੂੰਹ ਦੀ ਗਲੱਾਂ ਹਨ ਅਤੇ ਰੱਬ ਤੁਹਾਡੇ ਅਮਲਾਂ ਦੀ ਜਾਣਕਾਰੀ ਰਖੱਦਾ ਹੈ ਅਤੇ ਤੁਹਾਡੇ ਦਿਲਾਂ ਦੀ ਹਾਲਤ ਤੋਂ ਵੀ ਜਾਣੂ ਹੈ । ਸੋ, ਸਾਧਾਰਣ ਤਾਬਿਆਦਾਰੀ ਇਹੋ ਹੈ ਕਿ ਰੱਬ ਦੇ ਹੱਕ ਪੂਰੇ ਕਰੋ ਤੇ ਉਸ ਦੀ ਇਬਾਦਤ ਨੂੰ ਸੁਆਰਕੇ ਪੂਰਾ ਕਰੋ । ਅੱਜ ਕੱਲ ਜੋ ਰਮਜ਼ਾਨ ਵਿੱਚ ਤਵੱਜੁਹ ਪੈਦਾ ਹੋਈ ਹੈ ਇਸਨੂੰ ਜਾਰੀ ਰੱਖੋ ਅਤੇ ਬਣਾਈ ਰੱਖੋ । ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਦਿਆਂ ਹੋਇਆਂ ਉਸਦੇ ਬੰਦਿਆਂ ਦੇ ਹੱਕ ਵੀ ਪੂਰੇ ਕਰੋ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ, ਹਰ ਪ੍ਰਕਾਰ ਦੇ ਉਪਦੱਰ

ਤੋਂ ਬਚੋ, ਹਰ ਪ੍ਰਕਾਰ ਦੀ ਸ਼ਰਾਰਤ ਤੇ ਝਗੜੇ ਤੋਂ ਬਚੋ । ਆਪਣੇ ਆਚਰਣ ਉਮਦਹ ਕਰੋ । ਅਜਿਹੇ ਆਚਰਣ ਹੋਣ ਕਿ ਅਹਮਦੀ ਤੇ ਗ਼ੈਰ ਅਹਮਦੀ ਵਿੱਚ ਅੰਤਰ ਪ੍ਰਤਖ ਦਿਖਾਈ ਦੇਣ ਲੱਗ ਜਾਏ । ਸਚੱਾਈ ਉਪੱਰ ਹਮੇਸ਼ਾ ਟਿਕੇ ਰਹੋ, ਭਾਵ ਇਹ ਕਿ ਹਰ ਪ੍ਰਕਾਰ ਦੀਆਂ ਨੇਕੀਆਂ ਕਰਨਾ ਜ਼ਰੂਰੀ ਹਨ ਅਤੇ ਇਹੋ ਮਾਰੂਫ਼ (ਉਚਿਤ ਤੇ ਪ੍ਰਸ਼ੰਸਾ ਯੋਗ) ਆਗਿਆਕਾਰੀ ਹੈ ਇਸੇ ਦਾ ਰੱਬ ਨੇ ਆਦੇਸ਼ ਦਿਤੱਾ ਹੈ । ਇਸੇ ਗੱਲ ਦਾ ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲੱਮ ਨੇ ਆਦੇਸ਼ ਦਿਤੱਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਸੇ ਇਛੱਾ ਦਾ ਪ੍ਰਕਟਨ ਕੀਤਾ ਤੇ ਆਦੇਸ਼ ਦਿਤੱਾ ਹੈ । ਖ਼ਿਲਾਫ਼ਤੇ ਅਹਮਦੀਆ ਵੀ ਇਹਨਾ ਗਲੱਾਂ ਨੂੰ ਕਰਨ ਦਾ 111 ਵਰ੍ਹਿਆਂ ਤੋਂ ਧਿਅਨਾ ਦੁਆ ਰਹੀ ਹੈ । ਸੋ, ਹਮੇਸ਼ਾ ਇਸ ਗੱਲ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਖ਼ਿਲਾਫ਼ਤ ਵੱਲੋਂ ਵੀ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਵਿੱਚ ਸ਼ਰੀਅਤ ਤੇ ਸੁਨੱਤ ਅਨੁਸਾਰ ਹੀ ਆਦੇਸ਼ ਦਿੱਤੇ ਜਾਂਦੇ ਹਨ ਅਤੇ ਦਿੱਤੇ ਜਾਂਦੇ ਰਹਿਣਗੇ । ਅਲੱਾਹ ਤਆਲਾ ਨੇ ਫ਼ਰਮਾ ਦਿਤੱਾ ਹੈ ਕਿ ਜੇਕਰ ਅਗਿਆਕਾਰੀ ਕਰੋਗੇ ਤਾਂ ਸੁਮਾਰਗ ਪਾਓਗੇ ਵਰਨਾ ਇਸ ਤੋਂ ਹਟੱਕੇ ਕੋਈ ਮੁਕਤੀ ਦਾ ਮਾਰਗ ਨਹੀਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਮਇਆ : ਸੋ, ਜੇਕਰ ਖ਼ਿਲਾਫ਼ਤ ਦੇ ਫ਼ੈਜ਼ ਤੋਂ ਸਹੀ ਲਾਭ ਚੁਕੱਣਾ ਹੈ ਤਾਂ ਫਿਰ ਨ ਕੇਵਲ ਆਪਣੀਆਂ ਇਬਾਦਤਾਂ ਦੀ ਸੁਰੱਖਿਆ ਕਰਨੀ ਜ਼ਰੂਰੀ ਹੈ, ਸੰਸਾਰਕ ਇਛੱਾਵਾਂ ਤੇ ਸ਼ਿਰਕ ਤੋਂ ਵੀ ਬਚਣ ਦੀ ਲੋੜ ਹੈ, ਸਮੇਂ ਦੀ ਖ਼ਲੀਫ਼ਾ ਦੀ ਕਾਮਲ ਆਗਿਆਕਾਰੀ ਕਰਨੀ ਵੀ ਜ਼ਰੂਰੀ ਹੈ, ਵਰਨਾ ਫਿਰ ਨਾਫ਼ਰਮਾਨਾ ਵਿੱਚ ਗਿਣਤੀ ਹੋਵੇਗੀ ਅਤੇ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਇਆ ਹੈ ਕਿ ਫਿਰ ਬੈਅਤ ਤੋਂ ਬਾਹਰ ਹੋ ਜਾਣਗੇ । ਸੋ, ਅਲੱਾਹ ਦੇ ਰਹਿਮ ਨੂੰ ਜਜ਼ਬ ਕਰਨ ਲਈ ਆਪਣੀਆਂ ਹਾਲਤਾਂ ਨੂੰ ਸੁਆਰਨ ਦੀ ਲੋੜ ਹੈ ਅਤੇ ਜੱਦ ਰੱਬ ਦਾ ਰਹਿਮ ਸਾਨੂੰ ਆਪਣੀ ਦਿਆਲਤਾ ਤੇ ਕ੍ਰਿਪਾਲਤਾ ਦੀ ਚਾਦਰ ਵਿੱਚ ਲੈ ਲਏਗਾ ਤਾਂ ਫਿਰ ਦੁਸ਼ਮਣ ਦੀ ਹਰ ਕੂਟਨੀਤੀ ਉਸ'ਤੇ ਪਰਤਾ ਦਿੱਤੀ ਜਾਏਗੀ ਅਤੇ ਉਹ ਆਪਣੇ ਭੈੜੇ ਅੰਜਾਮ ਨੂੰ ਪਹੁੰਚੇਗਾ, ਇੰਸ਼ਾਅਲੱਾਹ । ਹੁਣ ਮੈਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਹਵਾਲਿਆਂ ਵਿੱਚੋਂ ਕੁਝ ਗਲੱਾਂ ਪੇਸ਼ ਕਰਾਂਗਾ ਕਿ ਕਿਵੇਂ ਜਮਾਤ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਾਦ ਅਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ ਜੋ ਹਰ ਇਕ ਨੂੰ ਬੇਚੈਨ ਕਰ ਰਹੇ ਸਨ ਅਤੇ ਫਿਰ ਖ਼ਿਲਾਫ਼ਤ ਨੇ ਸ਼ਾਂਤੀ ਪ੍ਰਦਾਨ ਕੀਤੀ ।

ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਸਮੇਂ ਵੀ ਜਮਾਤ ਦੀ ਬੋਧਕ ਅਵਸਥਾ ਉਹੋ ਸੀ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਸਮੇਂ ਸਹਾਬਾ ਦੀ ਸੀ । ਅਸੀਂ ਸਾਰੇ ਕੇਵਲ ਇਹੋ ਸਮਝਦੇ ਸੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਜੇ ਵਫ਼ਾਤ ਨਹੀਂ ਪਾ ਸਕਦੇ । ਇਸ ਦਾ ਕਾਰਨ ਇਹ ਸੀ ਕਿ ਕਦੇ ਇਕ ਮਿੰਟ ਲਈ ਵੀ ਸਾਡੇ ਮਨ ਵਿੱਚ ਇਹ ਵਿਚਾਰ ਨਹੀਂ ਆਇਆ ਸੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੱਦ ਫ਼ੌਤ ਹੋ ਜਾਣਗੇ ਤਾਂ ਕੀ ਹੋਵੇਗਾ । ਕਿਉਂਕਿ ਸਾਡੀ ਹਾਲਤ ਅਜਿਹੀ ਸੀ ਕਿ ਅਸੀਂ ਸਮਝਦੇ ਸੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਸਾਹਮਣੇ ਫ਼ੌਤ ਨਹੀਂ ਹੋ ਸਕਦੇ । ਇਸ ਲਈ ਜੱਦ ਵਾਸਤਵ ਵਿੱਚ ਫ਼ੌਤ ਹੋ ਗਏ ਤਾਂ ਸਾਡੇ ਲਈ ਝਲੱਣਾ ਔਖਾ ਸੀ ਕਿ ਆਪ ਫ਼ੌਤ ਹੋ ਚੁਕੇ ਹਨ । ਆਪ ਲਿਖੱਦੇ ਹਨ ਕਿ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਰੀਰ ਨੂੰ ਕਾਦੀਆਂ ਲਿਆਂਦਾ ਗਿਆ ਤਾਂ ਉਸ ਨੂੰ ਬਾਗ਼ ਵਿੱਚ ਇਕ ਘਰ ਵਿੱਚ ਰੱਖਿਆ ਗਿਆ । ਕੋਈ ਅੱਠ ਨੌ ਵਜੇ ਦਾ ਸਮਾਂ ਹੋਵੇਗਾ, ਖ਼ਵਾਜਾ ਕਮਾਲੁੱਦੀਨ ਸਾਹਬ ਬਾਗ਼ ਵਿੱਚ ਪਹੁੰਚੇ ਅਤੇ ਮੈਂਨੂੰ ਵੱਖਰਿਆਂ ਕਰਕੇ ਕਹਿਣ ਲੱਗੇ ਕਿ ਮੀਆਂ ਕੁਝ ਸੋਚਿਆ ਵੀ ਹੈ ਕਿ ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਦੇ ਬਾਦ ਕੀ ਹੋਵੇਗਾ । ਮੈਂ ਕਿਹਾ ਕੁਝ ਹੋਣਾ ਤਾਂ ਚਾਹੀਦਾ ਹੈ ਪਰ ਇਹ ਕਿ ਕੀ ਹੋਵੇ ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ । ਉਹ ਕਹਿਣ ਲੱਗੇ ਕਿ ਮੇਰੇ ਅਨੁਸਾਰ ਸਾਨੂੰ ਸਾਰਿਆਂ ਨੂੰ ਹਜ਼ਰਤ ਮੌਲਵੀ ਸਾਹਬ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦੀ ਬੈਅਤ ਕਰ ਲੈਂਣੀ ਚਾਹੀਦੀ ਹੈ । ਆਪ ਫ਼ਰਮਾਉਂਦੇ ਹਨ ਕਿ ਉਸ ਸਮੇਂ ਕੁਝ

ਉਮਰ ਦੇ ਪੱਖੋਂ ਵੀ ਅਤੇ ਕੁਝ ਇਸ ਕਰਕੇ ਵੀ ਕਿ ਮੇਰਾ ਅਧਿਐਨ ਘੱਟ ਸੀ, ਮੈਂ ਕਿਹਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਤਾਂ ਕਿਤੇ ਨਹੀਂ ਲਿੱਖਿਆ ਕਿ ਆਪਦੇ ਬਾਦ ਕਿਸੇ ਹੋਰ ਦੀ ਬੈਅਤ ਕਰ ਲੈਂਣ, ਇਸ ਲਈ ਹਜ਼ਰਤ ਮੌਲਵੀ ਸਾਹਬ ਦੀ ਅਸੀਂ ਕਿਉਂ ਬੈਅਤ ਕਰੀਏ । ਆਪ ਲਿਖੱਦੇ ਹਨ ਕਿ ਬੇਸ਼ਕ ਅਲਵਸੀਯੱਤ ਵਿੱਚ ਇਸਦਾ ਵਰਨਣ ਸੀ, ਪਰ ਉਸ ਸਮੇਂ ਮੇਰੀ ਸੋਚ ਉਸ ਵੱਲ ਨਹੀਂ ਗਈ । ਫਿਰ ਖ਼ਵਾਜਾ ਸਾਹਬ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੂੰ ਕਿਹਾ ਕਿ ਮੌਲਵੀ ਮੁਹਮੱਦ ਅਲੀ ਸਾਹਬ ਦੀ ਵੀ ਇਹੋ ਰਾਏ ਹੈ ਅਤੇ ਉਹ ਕਹਿੰਦੇ ਹਨ ਕਿ ਸਾਰੀ ਜਮਾਤ ਨੂੰ ਮੌਲਵੀ ਸਾਹਬ ਦੀ ਬੈਅਤ ਕਰਨੀ ਚਾਹੀਦੀ ਹੈ । ਆਪ ਫ਼ਰਮਾਉਂਦੇ ਹਨ ਕਿ ਆਖ਼ੀਰ ਜਮਾਤ ਨੇ ਸੰਪੂਰਨ ਸਹਿਮਹਤੀ ਨਾਲ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਸੇਵਾ ਵਿੱਚ ਬਿਨਤੀ ਕੀਤੀ ਕਿ ਆਪ ਲੋਕਾਂ ਦੀ ਬੈਅਤ ਲੈਂਣ । ਇਸ'ਤੇ ਬਾਗ਼ ਵਿੱਚ ਸਾਰਿਆਂ ਲੋਕਾਂ ਦਾ ਸਮਾਗਮ ਹੋਇਆ ਅਤੇ ਇਸ ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਇਕ ਭਾਸ਼ਣ ਦਿਤੱਾ ਅਤੇ ਫ਼ਰਮਾਇਆ ਕਿ ਮੈਂਨੂੰ ਇਮਾਮਤ ਦੀ ਕੋਈ ਇਛੱਾ ਨਹੀਂ, ਮੈਂ ਚਾਹੁੰਦਾ ਹਾਂ ਕਿ ਕਿਸੇ ਹੋਰ ਦੀ ਬੈਅਤ ਕਰ ਲਈ ਜਾਏ ਪਰ ਸਾਰਿਆਂ ਲੋਕਾਂ ਨੇ ਸਰਬ ਸਹਿਮਤੀ ਨਾਲ ਬਿਨਤੀ ਕੀਤੀ ਹੈ ਕਿ ਇਸ ਖ਼ਿਲਾਫ਼ਤ ਦੇ ਮਨਸਬ ਲਈ ਆਪ ਹੀ ਯੋਗ ਵਿਅਕਤੀ ਹਨ । ਸੋ, ਸਾਰਿਆਂ ਲੋਕਾਂ ਨੇ ਆਪਦੀ ਬੈਅਤ ਕਰ ਲਈ । ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਰਿਵਾਇਤਾਂ ਅਨੁਸਾਰ ਤਾਂ ਖ਼ਵਾਜਾ ਕਮਾਲੁੱਦੀਨ ਸਾਹਬ ਨੇ ਇਹ ਐਲਾਨ ਵੀ ਪ੍ਰਕਾਸ਼ਤ ਕਰਵਾਇਆ ਸੀ ਸੀ ਕਿ ਰਸਾਲਾ ਅਲਵਸੀਯੱਤ ਅਨੁਸਾਰ ਸਾਨੂੰ ਆਪਣਾ ਇਕ ਜਿਸਦੀ ਆਗਿਆਕਾਰੀ ਕਰਨੀ ਵਾਜਬ ਹਵੇਗੀ ਇਕ ਖ਼ਲੀਫ਼ਾ ਨਿਯੁਕਤ ਕਰ ਲੈਂਣਾ ਚਾਹੀਦਾ ਹੈ ਅਤੇ ਇਸ ਕਾਰਜ ਲਈ ਖ਼ਲੀਫ਼ਾਤੁਲ ਮਸੀਹ ਅਵੱਲ ਦਾ ਨਾਂ ਪੇਸ਼ ਕੀਤਾ ਸੀ । ਇਹਨਾ ਲੋਕਾਂ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਬੈਅਤ ਤਾਂ ਕਰ ਲਈ, ਪਰ ਦਿਲ ਵਿੱਚ ਜੋ ਖ਼ਿਲਾਫ਼ਤ ਦੀ ਅਗਿਅਕਾਰੀ ਦੀ ਸੱਚੀ ਆਤਮਾ ਹੋਣੀ ਚਾਹੀਦੀ ਸੀ ਉਹ ਨਹੀਂ ਸੀ । ਇਸ ਲਈ ਉਹ ਵਿਉਂਤਾਂ ਤੇ ਚਿੰਤਾ ਵਿੱਚ ਰਹਿੰਦੇ ਸਨ ਕਿ ਕਿਸੇ ਪ੍ਰਕਾਰ ਅੰਜੁਮਨ ਨੂੰ ਖ਼ਿਲਾਫ਼ਤ ਤੋਂ ਉਚੱਾ ਸਮਝਿਆ ਜਾਏ ਜਾਂ ਉਚੱਾ ਕੀਤਾ ਜਾਏ। ਅਤੇ ਫਿਰ ਸਾਰੇ ਅਖ਼ਤਿਆਰ ਅੰਜੁਮਨ ਰਾਹੀਂ ਆਪਣੇ ਕਬਜ਼ੇ ਵਿੱਚ ਕਰ ਲਏ ਜਾਣ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਹੁਣੇ ਆਪ ਦੀ ਬੈਅਤ ਨੂੰ ਪੰਦਰ੍ਹਾਂ ਵੀਹ ਦਿਨ ਹੀ ਲੰਘੇ ਸਨ ਕਿ ਇਕ ਦਿਨ ਮੌਲਵੀ ਮੁਹਮੱਦ ਅਲੀ ਸਾਹਬ ਮੈਂਨੂੰ ਮਿਲੇ ਅਤੇ ਕਹਿਣ ਲੱਗੇ ਕਿ ਮੀਆਂ ਸਾਹਬ ਕਦੇ ਆਪਨੇ ਇਸ ਗੱਲ'ਤੇ ਗ਼ੌਰ ਵੀ ਕੀਤਾ ਹੈ ਕਿ ਸਾਡੇ ਸਿਲਸਿਲੇ ਦਾ ਨਿਜ਼ਾਮ ਕਿਸ ਪ੍ਰਕਾਰ ਚੱਲੇਗਾ । ਮੈਂ ਕਿਹਾ, ਇਸ'ਤੇ ਹੁਣ ਗ਼ੌਰ ਕਰਨ ਦੀ ਕੀ ਲੋੜ ਹੈ । ਅਸੀਂ ਹਜ਼ਰਤ ਮੌਲਵੀ ਸਾਹਬ ਦੀ ਬੈਅਤ ਕਰ ਲਈ ਹੈ । ਉਹ ਕਹਿਣ ਲੱਗੇ ਉਹ ਤਾਂ ਹੋਈ ਪੀਰੀ ਮੁਰੀਦੀ । ਪ੍ਰਸ਼ਨ ਇਹ ਹੈ ਕਿ ਇਸ ਸਿਲਸਿਲੇ (ਜਮਾਤ) ਦਾ ਨਿਜ਼ਾਮ (ਪ੍ਰਬੰਧ) ਕਿਵੇਂ ਚੱਲੇਗਾ । ਮੈਂ ਕਿਹਾ ਕਿ ਮੇਰੇ ਅਨੁਸਾਰ ਹੁਣ ਇਹ ਗੱਲ ਗ਼ੌਰ ਕਰਨ ਦੇ ਯੋਗ ਹੀ ਨਹੀਂ ਕਿਉਂਕਿ ਜੱਦ ਅਸੀਂ ਇਕ ਵਿਅਕਤੀ ਦੀ ਬੈਅਤ ਕਰ ਲਈ ਹੈ ਤਾਂ ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ ਕਿ ਕਿਵੇਂ ਜਮਾਤ ਦਾ ਪ੍ਰਬੰਧ ਸਥਾਪਤ ਕਰਨਾ ਚਾਹੀਦਾ ਹੈ । ਸਾਨੂੰ ਇਸ ਵਿੱਚ ਦਖ਼ਲਾ ਦੇਣ ਦੀ ਕੀ ਲੋੜ ਹੈ । ਇਸ'ਤੇ ਉਹ ਚੁੱਪ ਹੋ ਗਏ ਪਰ ਕਹਿਣ ਲੱਗੇ ਕਿ ਇਹ ਗੱਲ ਵਿਚਾਰਣ ਯੋਗ ਹੈ। ਤਸੱਲੀ ਨਹੀਂ ਹੋਈ । ਇਸ ਗੱਲ ਤੋਂ ਉਹਨਾਂ ਦੇ ਅੰਦਰੂਨੀ ਹਾਲਾਤ ਦਾ ਪਤਾ ਲੱਗ ਜਾਂਦਾ ਹੈ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਬੈਅਤ ਵੀ ਕਿਸੇ ਉਦੇਸ਼ ਨਾਲ ਕੀਤੀ ਗਈ ਸੀ ਦਿਲ ਵਿੱਚੋਂ ਨਹੀਂ । ਇਸ ਲਈ ਦਿਲਾਂ ਦੇ ਅਮਨ ਵੀ ਕਾਇਮ ਨਹੀਂ ਰਹੇ । ਉਹ ਲੋਕ ਸੰਪੂਰਨ ਆਗਿਆਕਾਰੀ ਹੇਠ ਰਹਿਣਾ ਨਹੀਂ ਚਾਹੁੰਦੇ ਸਨ ਅਤੇ ਇਸ ਰੂਹਾਨੀ ਨਿਜ਼ਾਮ ਨੂੰ ਸੰਸਾਰਕ ਵਿਵਸਥਾ ਵਾਂਗ ਚਲਾਉਣਾ ਚਾਹੁੰਦੇ ਸਨ ਅਤੇ ਫਿਰ ਸਿਟੱਾ ਦੇਖ ਲਿਆ ਕਿ ਕੇਵਲ ਨਾਂ ਦੇ ਇਹ ਲੋਕ ਰਹਿ ਗਏ ਹਨ, ਜੋ ਇਹਨਾ ਦੇ ਬਣਾਏ ਹੋਏ ਨਿਜ਼ਾਮ (ਪ੍ਰਬੰਧ) ਅਨੁਸਾਰ ਇਹਨਾ ਨਾਲ ਹਨ ਅਤੇ ਜੋ ਖ਼ਿਲਾਫ਼ਤ ਦੀ ਛਾਇਆ ਹੇਠ ਜਮਾਤ ਹੈ ਉਹ ਰੱਬ ਦੀ ਮਿਹਰ ਨਾਲ ਦੁਨੀਆ ਦੇ 212 ਦੇਸ਼ਾਂ ਵਿੱਚ ਸਥਾਪਤ ਹੋ ਚੁਕੀ ਹੈ ।

ਬਹਿਰਹਾਲ ਅਲੱਾਹ ਤਆਲਾ ਤਾਂ ਖ਼ਿਲਾਫ਼ਤ ਨਾਲ ਜੁੜੀ ਜਮਾਤ ਨੂੰ ਤਰੱਕੀ ਦੇ ਰਿਹ ਹੈ ਜਮਾਤਾਂ ਫ਼ੈਲ ਰਹੀਆਂ ਹਨ ਦੁਨੀਆ ਵਿੱਚ ਅਤੇ ਦੂਰ ਦੁਰਾਡੇ ਦੇਸ਼ਾਂ ਵਿੱਚ ਬੈਠੇ ਹੋਏ ਵੀ ਖ਼ਿਲਾਫ਼ਤ ਨਾਲ ਵਫ਼ਦਾਰੀ ਦਾ ਸੰਬੰਧ ਰੱਖਿਆ ਹੋਇਆ ਹੈ ਅਤੇ ਇਸ ਵਿੱਚ ਵਧੱਦੇ ਚਲੇ ਜਾ ਰਹੇ ਹਨ । ਅਲੱਾਹ ਤਆਲਾ ਖ਼ਿਲਾਫ਼ਤ ਤੇ ਜਮਾਤ ਨਾਲ ਜੁੜਨ ਵਾਲਿਆਂ ਦਾ ਮਾਰਗਦਰਸ਼ਨ ਵੀ ਕਰਦਾ ਹੈ ਅਤੇ ਉਹਨਾ ਦਾ ਪੱਖ ਇਸ ਖ਼ਿਲਾਫ਼ਤ ਵੱਲ ਵੀ ਲੈ ਆਉਂਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬੀਤੇ ਜੁਮਏ ਵਿੱਚ ਮੈਂ ਇਕ ਗੱਲ ਵਰਨਣ ਕਰਨਾ ਭੁੱਲ ਗਿਆ ਸੀ ਕਿ ਜੱਦ ਇਸ ਮਸਜਿਦ ਦੀ ਨੀਂਹ ਰੱਖੀ ਗਈ ਸੀ ਤਾਂ ਮੈਂ ਕੈਨੇਡਾ ਦੇ ਸਫ਼ਰ ਵਿੱਚ ਸੀ । ਪਰ, ਬਹਿਰਹਾਲ, ਮੇਰੇ ਕੋਲੋਂ ਇਹ ਇੱਟ ਉਪੱਰ ਦੁਆ ਕਰਕੇ ਲੈ ਲਏ ਸੀ ਅਤੇ ਮਸਜਿਦ ਦੀ ਨੀਂਹ 10 ਅਕਤੂਬਰ 2016 ਈ. ਨੂੰ ਦੁਆਵਾਂ ਨਾਲ ਮੁਕਰੱਮ ਉਸਮਾਨ ਚੀਨੀ ਸਾਹਾਬ ਮਰਹੂਮ ਨੇ ਰੱਖੀ ਸੀ ਅਤੇ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਰੱਬ ਦੀ ਮਿਹਰ ਨਾਲ ਚੀਨੀ ਕੌਮ ਦਾ ਵੀ ਇਸ ਵਿੱਚ ਹਿਸੱਾ ਹੈ ਅਤੇ ਇਸ ਲਈ ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਅਲੱਾਹ ਤਆਲਾ ਚੀਨ ਵਿੱਚ ਵੀ ਇਸਲਾਮ ਨੂੰ ਛੇਤੀ ਫੈਲਾਉਣ ਦੀ ਸਾਨੂੰ ਤੌਫ਼ੀਕ ਪ੍ਰਦਾਨ ਕਰੇ । ਮੁਕਰੱਮ ਉਸਮਾਨ ਚੀਨੀ ਸਾਹਬ ਦੀ ਵੱਡੀ ਇਛੱਾ ਸੀ, ਹਰ ਸਮੇਂ ਇਸ ਚਿੰਤਾ ਵਿੱਚ ਰਹਿੰਦੇ ਸਨ ਕਿ ਚੀਨ ਵਿੱਚ ਕਿਸੇ ਪ੍ਰਕਾਰ ਅਹਮਦੀਅਤ ਤੇ ਇਸਲਾਮ ਦਾ ਹਕੀਕੀ ਸੰਦੇਸ਼ ਪਹੁੰਚ ਜਾਏ । ਸਾਨੂੰ ਜਿੱਥੇ ਉਹਨਾ ਦੇ ਦਰਜਾਤ ਬੁਲੰਦ ਕਰਨ ਦੀ ਦੁਆ ਕਰਨੀ ਚਾਹੀਦੀ ਹੈ, ਓਥੇ ਚੀਨ ਵਿੱਚ ਵੀ ਅਤੇ ਦੁਨੀਆ ਦੇ ਹਰ ਦੇਸ਼ ਵਿੱਚ ਵੀ ਅਹਮਦੀਅਤ ਅਤੇ ਹਕੀਕੀ ਇਲਾਮ ਦੇ ਫ਼ੈਲਣ ਲਈ ਬਹੁਤ ਦੁਆਵਾਂ ਕਰਨੀਆਂ ਚਾਹੀਦੀਆਂ ਹਨ । ਅਲੱਾਹ ਤਆਲਾ ਇਸ ਦੀ ਤੌਫ਼ੀਕ ਪ੍ਰਦਾਨ ਕਰੇ

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 24.05.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131